# The Statement of Rights

Statement of Rights [ਅਧਿਕਾਰਾਂ ਦਾ ਘੋਸ਼ਣਾ ਪੱਤਰ] ਸਪੱਸ਼ਟ ਤੌਰ ‘ਤੇ ਤੁਹਾਡੇ ਅਧਿਕਾਰਾਂ ਦੀ ਪਛਾਣ ਕਰਦਾ ਹੈ ਜਦੋਂ ਤੁਸੀਂ ਬਿਰਧ ਦੇਖਭਾਲ ਸੇਵਾਵਾਂ ਦੀ ਭਾਲ ਕਰ ਰਹੇ ਹੁੰਦੇ ਹੋ ਜਾਂ ਪ੍ਰਾਪਤ ਕਰ ਰਹੇ ਹੁੰਦੇ ਹੋ। Aged Care Act 2024 [ਏਜ਼ਡ ਕੇਅਰ ਐਕਟ 2024] ਦੇ ਅਧੀਨ, ਤੁਹਾਡਾ ਸੇਵਾ ਪ੍ਰਦਾਤਾ ਅਤੇ ਬਿਰਧ ਦੇਖਭਾਲ ਕਰਮਚਾਰੀ ਕਾਨੂੰਨੀ ਤੌਰ 'ਤੇ ਇਨ੍ਹਾਂ ਅਧਿਕਾਰਾਂ ਦੇ ਅਨੁਸਾਰ ਸੇਵਾਵਾਂ ਪ੍ਰਦਾਨ ਕਰਨ ਲਈ ਪਾਬੰਦ ਹੁੰਦੇ ਹਨ।

## ਖੁਦਮੁਖਤਿਆਰੀ ਅਤੇ ਚੋਣ ਕਰਨ ਦੀ ਆਜ਼ਾਦੀ

ਮੈਨੂੰ ਆਪਣੇ ਫ਼ੈਸਲੇ ਖੁਦ ਕਰਨ ਦਾ ਅਧਿਕਾਰ ਹੈ – ਮੇਰੀ ਦੇਖਭਾਲ, ਸੰਬੰਧਾਂ, ਜੀਵਨ-ਸ਼ੈਲੀ ਅਤੇ ਜ਼ੋਖਮ ਲੈਣ ਬਾਰੇ – ਅਤੇ ਜੇਕਰ ਮੈਂ ਚਾਹਾਂ ਤਾਂ ਮੈਨੂੰ ਸਹਾਇਤਾ ਮਿਲ ਸਕਦੀ ਹੈ।



## ਇੱਕ ਬਰਾਬਰ ਪਹੁੰਚ

ਮੈਨੂੰ ਇਹ ਅਧਿਕਾਰ ਹੈ ਕਿ ਮੇਰੀਆਂ ਲੋੜਾਂ ਦਾ ਮੁਲਾਂਕਣ ਇਸ ਤਰੀਕੇ ਨਾਲ ਕੀਤਾ ਜਾਵੇ ਜੋ ਮੇਰੇ ਲਈ ਕਾਰਗਰ ਹੋਵੇ, ਜਿਸ ਵਿੱਚ ਮੇਰਾ ਸੱਭਿਆਚਾਰਕ ਪਿਛੋਕੜ, ਪਿਛਲੇ ਸਦਮੇ ਜਾਂ ਮਾਨਸਿਕ ਹਾਲਤਾਂ, ਜਿਵੇਂ ਕਿ ਡਿਮੈਂਸ਼ੀਆ ਆਦਿ, ਦਾ ਆਦਰ ਕੀਤਾ ਜਾਵੇ।



## ਸੁਰੱਖਿਅਤ ਅਤੇ ਗੁਣਵੱਤਾ ਵਾਲੀ ਦੇਖਭਾਲ

ਮੈਨੂੰ ਇਹ ਅਧਿਕਾਰ ਹੈ ਕਿ ਮੇਰੇ ਨਾਲ ਆਦਰ ਅਤੇ ਇੱਜ਼ਤ ਨਾਲ ਵਤੀਰਾ ਕੀਤਾ ਜਾਵੇ ਅਤੇ ਮੈਨੂੰ ਤਜ਼ਰਬੇਕਾਰ ਬਿਰਧ ਦੇਖਭਾਲ ਕਰਮਚਾਰੀਆਂ ਵੱਲੋਂ ਸੇਵਾ ਦਿੱਤੀ ਜਾਵੇ, ਜੋ ਮੇਰੀ ਪਹਿਚਾਣ, ਸੱਭਿਆਚਾਰ, ਆਧਿਆਤਮਿਕਤਾ ਅਤੇ ਵਿਭਿੰਨਤਾ ਦੀ ਕਦਰ ਕਰਦੇ ਹਨ।



## ਨਿੱਜਤਾ ਅਤੇ ਗੁਪਤਤਾ

ਮੇਰੀ ਨਿੱਜਤਾ ਦਾ ਆਦਰ ਕੀਤਾ ਜਾਣਾ ਚਾਹੀਦਾ ਹੈ ਅਤੇ ਮੇਰੀ ਨਿੱਜੀ ਜਾਣਕਾਰੀ ਗੁਪਤ ਰੱਖੀ ਜਾਣੀ ਚਾਹੀਦੀ ਹੈ, ਅਤੇ ਇਹ ਵੀ ਮੇਰੇ ਨਿਯੰਤਰਣ ਵਿੱਚ ਹੋਵੇ ਕਿ ਇਹ ਜਾਣਕਾਰੀ ਕਿਸ ਨਾਲ ਸਾਂਝੀ ਕੀਤੀ ਜਾਂਦੀ ਹੈ।



## ਸੰਚਾਰ ਅਤੇ ਸ਼ਿਕਾਇਤਾਂ

ਮੈਨੂੰ ਇਹ ਅਧਿਕਾਰ ਹੈ ਕਿ ਮੈਨੂੰ ਉਸ ਤਰੀਕੇ ਨਾਲ ਜਾਣਕਾਰੀ ਦਿੱਤੀ ਜਾਵੇ ਜੋ ਮੈਂ ਸਮਝ ਸਕਾਂ ਅਤੇ ਮੈਂ ਬਿਨਾਂ ਕਿਸੇ ਡਰ ਦੇ ਆਪਣੀਆਂ ਚਿੰਤਾਵਾਂ ਉਠਾ ਸਕਾਂ। ਮੇਰੀ ਫੀਡਬੈਕ ਨਾਲ ਨਿਰਪੱਖਤਾ ਅਤੇ ਸਮੇਂ ਸਿਰ ਨਿਪਟਿਆ ਜਾਣਾ ਚਾਹੀਦਾ ਹੈ।



## ਸਹਾਇਤਾ ਅਤੇ ਸਮਾਜਿਕ ਸੰਪਰਕ

ਮੈਂ ਮਹੱਤਵਪੂਰਨ ਲੋਕਾਂ, ਪਾਲਤੂ ਜਾਨਵਰਾਂ ਅਤੇ ਸੱਭਿਆਚਾਰ ਨਾਲ ਜੁੜਿਆ ਰਹਿ ਸਕਦਾ/ਸਕਦੀ ਹਾਂ, ਜਿਸ ਵਿੱਚ ਨਿਰਪੱਖ ਵਕੀਲ ਵੀ ਸ਼ਾਮਲ ਹਨ। ਇੱਕ ਆਦਿਵਾਸੀ ਜਾਂ ਟੋਰੇਸ ਸਟ੍ਰੇਟ ਆਈਲੈਂਡਰ ਹਾਂ, ਤਾਂ ਮੈਂ ਕੰਟਰੀ ਐਂਡ ਆਈਲੈਂਡ ਹੋਮ ਨਾਲ ਜੁੜਿਆ ਰਹਿ ਸਕਦਾ/ਸਕਦੀ ਹਾਂ।



ਮੁਫ਼ਤ, ਗੁਪਤ ਅਤੇ ਨਿਰਪੱਖ ਸਹਾਇਤਾ ਲਈ Aged Care Advocacy Line [ਏਜਡ ਕੇਅਰ ਐਡਵੋਕੇਸੀ ਲਾਈਨ] **1 800 700 600** 'ਤੇ ਫ਼ੋਨ ਕਰੋ।

OPAN | Older Persons Advocacy Network

# ਅਸਲ ਜ਼ਿੰਦਗੀ ਵਿੱਚ ਅਧਿਕਾਰ

## ਖੁਦਮੁਖਤਿਆਰੀ ਅਤੇ ਚੋਣ ਕਰਨ ਦੀ ਆਜ਼ਾਦੀ

ਜੱਸੇ ਦੇ* ਏਜਡ ਕੇਅਰ ਹੋਮ ਵਿੱਚ ਸਿਗਰਟਨੋਸ਼ੀ ਕਰਨ 'ਤੇ ਪੂਰੀ ਪਾਬੰਦੀ ਹੈ। ਸਟਾਫ਼ ਨੂੰ ਨੇੜਲੇ ਰਿਜ਼ਰਵ ਵਿੱਚ ਸਿਗਰਟਨੋਸ਼ੀ ਕਰਨ ਦੀ ਆਗਿਆ ਹੈ। ਜੱਸੇ ਨੂੰ ਲੱਗਿਆ ਕਿ ਇਹ ਉਸਦੇ ਲਈ ਇੱਕ ਢੁਕਵਾਂ ਵਿਕਲਪ ਹੈ। ਸ਼ੁਰੂ ਵਿੱਚ ਜੱਸੇ ਦੇ ਸੇਵਾ ਪ੍ਰਦਾਤਾ ਨੇ ਇਸ ਨਾਲ ਅਸਹਿਮਤੀ ਜਤਾਈ, ਸਿਹਤ ਜ਼ੋਖਮਾਂ ਅਤੇ ਆਪਣੀ ਦੇਖਭਾਲ ਦੀ ਜ਼ਿੰਮੇਵਾਰੀ ਦਾ ਹਵਾਲਾ ਦਿੰਦਿਆਂ। ਇੱਕ ਏਜਡ ਕੇਅਰ ਐਡਵੋਕੇਟ ਦੀ ਸਹਾਇਤਾ ਨਾਲ, ਜੱਸੇ ਨੇ ਸਫ਼ਲਤਾਪੂਰਵਕ ਪ੍ਰਦਾਤਾ ਨੂੰ ਆਪਣੇ ਚੋਣ ਕਰਨ ਦੇ ਅਧਿਕਾਰ ਦੀ ਯਾਦ ਦਿਵਾਈ, ਜਿਸ ਵਿੱਚ ਉਹ ਸਥਿਤੀਆਂ ਵੀ ਸ਼ਾਮਲ ਹਨ ਜਿੱਥੇ ਉਸ ਚੋਣ ਵਿੱਚ ਨਿੱਜੀ ਜ਼ੋਖਮ ਸ਼ਾਮਲ ਹੋਵੇ।

## ਸੁਰੱਖਿਅਤ ਅਤੇ ਗੁਣਵੱਤਾ ਵਾਲੀ ਦੇਖਭਾਲ

ਰੇਸ਼ਮਾ* ਡਿਮੈਂਸ਼ੀਆ ਨਾਲ ਜੀਵਨ ਬਤੀਤ ਕਰ ਰਹੀ ਹੈ। ਜਿਵੇਂ-ਜਿਵੇਂ ਇਹ ਬਿਮਾਰੀ ਅੱਗੇ ਵੱਧਦੀ ਗਈ, ਉਹ ਆਪਣੀ ਪਹਿਲੀ ਭਾਸ਼ਾ – ਪੰਜਾਬੀ – ਵਿੱਚ ਵਾਪਸ ਆ ਗਈ ਹੈ। ਰੇਸ਼ਮਾ ਦੀ ਧੀ ਅਤੇ ਨੁਮਾਇੰਦਾ (ਨਵੇਂ ਐਕਟ ਅਧੀਨ ਰਜਿਸਟਰਡ ਸਹਾਇਕ), ਕੁਲਵਿੰਦਰ*, ਨੇ OPAN ਨੂੰ ਫ਼ੋਨ ਕੀਤਾ ਕਿਉਂਕਿ ਉਸਨੂੰ ਲੱਗਦਾ ਸੀ ਕਿ ਰੇਸ਼ਮਾ ਦੀ ਗੱਲਬਾਤ ਕਰਨ ਵਿੱਚ ਅਸਮਰੱਥਾ ਨੇ ਉਸਨੂੰ ਸਮਾਜਿਕ ਤੌਰ 'ਤੇ ਇਕੱਲਾ ਅਤੇ ਦੂਰ ਕਰ ਦਿੱਤਾ ਸੀ। ਰੇਸ਼ਮਾ ਅਤੇ ਕੁਲਵਿੰਦਰ ਦੀ ਸਹਿਮਤੀ ਨਾਲ, ਐਡਵੋਕੇਟ ਨੇ Dementia Australia ਦੀ ਸਹਾਇਤਾ ਨਾਲ ਰੇਸ਼ਮਾ ਦੀ ਦੇਖਭਾਲ ਯੋਜਨਾ ਦੀ ਸਮੀਖਿਆ ਕਰਨ ਲਈ ਇੱਕ ਮੀਟਿੰਗ ਦਾ ਪ੍ਰਬੰਧ ਕੀਤਾ। ਨਤੀਜੇ ਵਜੋਂ, ਏਜਡ ਕੇਅਰ ਹੋਮ ਨੇ ਸਟਾਫ਼ ਵਿੱਚ ਵਧੇਰੇ ਇਕਸਾਰਤਾ ਨੂੰ ਯਕੀਨੀ ਬਣਾਉਣ ਲਈ ਆਪਣੇ ਰੋਸਟਰ ਵਿੱਚ ਸੋਧ ਕੀਤੀ। ਭਾਸ਼ਾ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਵਿੱਚ ਮਦਦ ਲਈ ਪੰਜਾਬੀ ਵਿੱਚ ਗੱਲਬਾਤ ਕਾਰਡ ਮੁਹੱਈਆ ਕਰਵਾਏ ਗਏ। ਰੇਸ਼ਮਾ ਦਾ ਨਾਮ Aged Care Volunteer Visitors Scheme [ਏਜਡ ਕੇਅਰ ਵਲੰਟੀਅਰ ਵਿਜ਼ਟਰ ਸਕੀਮ] ਵਿੱਚ ਵੀ ਭੇਜਿਆ ਗਿਆ ਸੀ ਤਾਂ ਜੋ ਪੰਜਾਬੀ ਭਾਸ਼ਾ ਬੋਲਣ ਵਾਲੇ ਵਲੰਟੀਅਰ ਵੱਲੋਂ ਨਿਯਮਤ ਸਮਾਜਿਕ ਮੁਲਾਕਾਤਾਂ ਦਾ ਪ੍ਰਬੰਧ ਕੀਤਾ ਜਾ ਸਕੇ।

## ਨਿੱਜਤਾ ਅਤੇ ਜਾਣਕਾਰੀ ਦਾ ਸਤਿਕਾਰ

ਜਦੋਂ ਰੇਸ਼ਮਾ ਪਹਿਲੀ ਵਾਰ ਏਜਡ ਕੇਅਰ ਹੋਮ ਵਿੱਚ ਰਹਿਣ ਲਈ ਗਈ, ਤਾਂ ਉਸਨੇ ਦੇਖਿਆ ਕਿ ਉਸਦੀ ਸਿਹਤ ਦੇਖਭਾਲ (ਜਿਵੇਂ ਕਿ ਟੀਕਾਕਰਨ ਦੀ ਇਜਾਜ਼ਤ) ਅਤੇ ਉਸਦੇ ਵਿੱਤੀ ਮਾਮਲੇ (ਜਿਵੇਂ ਕਿ ਮਾਸਿਕ ਸਟੇਟਮੈਂਟਾਂ) ਬਾਰੇ ਸਵਾਲ ਉਸਦੇ ਪਰਿਵਾਰ ਨੂੰ ਭੇਜੇ ਜਾ ਰਹੇ ਸਨ। ਉਸਨੇ ਪ੍ਰਬੰਧਕਾਂ ਨੂੰ ਵਿੱਤੀ ਮਾਮਲਿਆਂ ਬਾਰੇ ਫ਼ੈਸਲੇ ਲੈਣ ਦੇ ਉਸਦੇ ਅਧਿਕਾਰ, ਆਪਣੀ ਨਿੱਜੀ ਜਾਣਕਾਰੀ ਸੁਰੱਖਿਅਤ ਰੱਖਣ ਦੇ ਉਸਦੇ ਅਧਿਕਾਰ, ਅਤੇ ਉਨ੍ਹਾਂ ਸੇਵਾਵਾਂ ਦੇ ਖ਼ਰਚੇ ਸਮੇਤ ਉਸਨੂੰ ਪ੍ਰਾਪਤ ਹੋਣ ਵਾਲੀਆਂ ਏਜਡ ਕੇਅਰ ਸੇਵਾਵਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੇ ਜਾਣ ਦੇ ਉਸਦੇ ਅਧਿਕਾਰ ਦੀ ਯਾਦ ਦਿਵਾਈ। ਸੇਵਾ ਪ੍ਰਦਾਤਾ ਨੇ ਸਹਿਮਤੀ ਦਿੱਤੀ ਕਿ ਰੇਸ਼ਮਾ ਨਾਲ ਸੰਬੰਧਿਤ ਸਾਰਾ ਪੱਤਰ-ਵਿਹਾਰ ਸਿੱਧੇ ਉਸਨੂੰ ਭੇਜਿਆ ਜਾਵੇਗਾ।

## ਸਹਾਇਤਾ ਅਤੇ ਸਮਾਜਿਕ ਸੰਪਰਕ

ਸੁਮਨ ਇੱਕ ਪੱਕੇ ਸਮਾਜਿਕ ਗਰੁੱਪ ਨਾਲ ਜੁੜੀ ਹੋਈ ਹੈ ਜੋ ਨਿਯਮਿਤ ਤੌਰ 'ਤੇ ਕੌਫੀ ਲਈ ਮਿਲਦਾ ਹੈ। ਜਦੋਂ ਸੁਮਨ ਰਿਹਾਇਸ਼ੀ ਬਿਰਧ ਦੇਖਭਾਲ ਵਿੱਚ ਗਈ, ਤਾਂ ਉਸਦੀਆਂ ਸਹੇਲੀਆਂ ਉਸ ਬਿਰਧ ਦੇਖਭਾਲ ਘਰ ਦੇ ਵਿਹੜੇ ਜਾਂ ਸਾਂਝੇ ਖੇਤਰ ਵਿੱਚ ਆਪਣੀ ਹਫ਼ਤਾਵਾਰੀ ਮਿਲਣੀ ਲਈ ਇਕੱਠੇ ਹੋਣ ਲੱਗੀਆਂ। ਸੁਮਨ ਦੀ ਧੀ ਸ਼ਿੰਦੀ ਨੂੰ ਲੱਗਿਆ ਕਿ ਇਹ ਮੁਲਾਕਾਤਾਂ ਉਸਦੀ ਮਾਂ ਲਈ ਬਹੁਤ ਥਕਾ ਦੇਣ ਵਾਲੀਆਂ ਹਨ ਅਤੇ ਉਸਨੇ ਮੈਨੇਜਰ ਨੂੰ ਇਨ੍ਹਾਂ ਨੂੰ ਰੋਕਣ ਲਈ ਕਿਹਾ। ਸਹੇਲੀਆਂ ਨੇ ਸਹਾਇਤਾ ਲਈ OPAN ਨਾਲ ਸੰਪਰਕ ਕੀਤਾ। ਉਸਦੀਆਂ ਸਹੇਲੀਆਂ ਵੱਲੋਂ ਸੁੱਖੀ ਦੀ ਸਹਿਮਤੀ ਲੈਣ ਤੋਂ ਬਾਅਦ, ਇੱਕ ਐਡਵੋਕੇਟ ਸੁੱਖੀ ਨੂੰ ਉਸਦੇ ਬਿਰਧ ਦੇਖਭਾਲ ਘਰ ਵਿੱਚ ਮਿਲਿਆ। ਉਹ ਆਪਣੀਆਂ ਸਹੇਲੀਆਂ ਨੂੰ ਯਾਦ ਕਰ ਰਹੀ ਸੀ, ਜੋ ਉਸਦੀ ਜ਼ਿੰਦਗੀ ਵਿੱਚ ਖੁਸ਼ੀ, ਹਾਸਾ ਅਤੇ ਕੇਕ ਲਿਆਉਂਦੇ ਸਨ। ਐਡਵੋਕੇਟ ਨੇ ਸੁੱਖੀ ਦੀ ਮਦਦ ਕੀਤੀ ਕਿ ਇਹ ਮੁਲਾਕਾਤਾਂ ਦੁਬਾਰਾ ਸ਼ੁਰੂ ਕੀਤੀਆਂ ਜਾਣ।

*ਨਾਮ ਨਿੱਜਤਾ ਦੇ ਕਾਰਨਾਂ ਕਰਕੇ ਬਦਲ ਦਿੱਤੇ ਗਏ ਹਨ

Statement of Rights ਪੜ੍ਹਨ ਲਈ QR ਕੋਡ ਨੂੰ ਸਕੈਨ ਕਰੋ।

OPAN | Older Persons Advocacy Network